بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 12 .12.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁੱਮੇ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 12 ਦਸੰਬਰ ਸਨ 2014 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।

ਤਸ਼ਹੁੱਦ, ਤਉਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਅੱਜ ਵੀ ਮੈਂ ਹਜ਼ਰਤ ਮੁਸਲਿਹ ਮਊਦ ਰਜ਼ੀਅਲੱਾਹ ਅਨਹੁ ਦੇ ਸੰਦਰਭ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਸਮੇਂ ਦੀਆਂ ਕੁਝ ਗਲੱਾਂ ਪੇਸ਼ ਕਰਾਂਗਾ । ਹਜ਼ਰਤ ਮੁਸਲਿਹ ਮਊਦ ਰਜ਼ੀ ਅਲਾਹ ਅਨਹੁ ਜਿਵੇਂ ਬਿਆਨ ਕਰਦੇ ਹਨ ਉਸ ਤੋਂ ਵੱਖ ਵੱਖ ਦ੍ਰਿਸ਼ਟੀਕੋਣਾਂ ਰਾਹੀਂ ਕੁਝ ਗਲੱਾਂ ਸਾਹਮਣੇ ਆਉਂਦੀਆਂ ਹਨ ਅਤੇ ਉਸ ਤੋਂ ਸਾਨੂੰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਮੁਕਾਮ ਤੇ ਮਰਤਬੇ ਅਤੇ ਆਪ ਜੀ ਨਾਲ ਇਲਾਹੀ ਪੱਖ ਦਾ ਇਕ ਹੋਰ ਵੀ ਰੰਗ ਰੂਪ ਦਿਖਾਈ ਦਿੰਦਾ ਹੈ ।

ਸੂਰਤ ਯੂਨੁਸ ਦੀ ਆਇਤ 17 ਵਿੱਚ ਜੋ ਉਸੂਲ ਅਲੱਾਹ ਤਆਲਾ ਨੇ ਬਿਆਨ ਫ਼ਰਮਾਇਆ ਹੈ ਕਿ 'ਲਬਿਸਤਾ ਫ਼ੀਕੁਮ ਅਮਰਨ ਮਿਨ ਕਬਲਿਹੀ ਆਫ਼ਾਲਾ ਤਾਕਿਲੂਨ' (لَبِثۡتُ فِیۡکُمۡ عُمُرًا مِّنۡ قَبۡلِہٖ اَفَلَا تَعۡقِلُوۡنَ {یونس 17}) ਅਰਥਾਤ ਪਹਿਲਾਂ ਮੈਂ ਤੁਹਾਡੇ ਵਿੱਚ ਇਕ ਲੰਮੀ ਉਮਰ ਬਤੀਤ ਕਰ ਚੁੱਕਿਆ ਹਾਂ, ਕੀ ਤੁਸੀਂ ਅਕਲ ਨਹੀਂ ਕਰਦੇ । ਇਹ ਇਕ ਉਸੂਲ ਹੈ ਨਬੀ ਦੀ ਸਚੱਾਈ ਦਾ ਕਿ ਜੋ ਉਸ ਦੇ ਜੀਵਨ ਦਾ ਬੀਤਿਆ ਸਮਾਂ ਉਸ ਦੇ ਜੀਵਨ ਨੂੰ ਪ੍ਰਕਟ ਕਰਦਾ ਹੈ । ਕਾਦੀਆਂ ਵਿੱਚ ਕਈ ਵੱਡੇ ਵੱਡੇ ਵਿਰੋਧੀ ਮੌਲਵੀ ਇਕਤੱਰ ਹੋਏ ਅਤੇ ਉਹਨਾਂ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਵਿਰੁਧ ਬਹੁਤ ਅਪਸ਼ਬਦ ਬੋਲੇ ਅਤੇ ਵੱਡੀਆਂ ਵੱਡੀਆਂ ਤਕਰੀਰਾਂ ਕੀਤੀਆਂ ਅਤੇ ਮਨਸੂਬੇ ਬਣਾਕੇ ਜਲਸੇ ਕੀਤੇ । ਉਹਨਾਂ ਦਾ ਨਿਸ਼ਚਾ ਸੀ ਕਿ ਫ਼ਸਾਦ ਪੈਦਾ ਕੀਤਾ ਜਾਵੇ, ਪਰ ਰੱਬ ਨੇ ਮਿਹਰ ਕੀਤੀ ਫ਼ਸਾਦ ਤਾਂ ਨ ਕਰ ਸਕੇ ਪਰ ਜੋ ਮੂੰਹੋ ਕਿਹਾ ਜਾ ਸਕਦਾ ਸੀ ਕਿਹਾ ਅਤੇ ਜੋ ਗੰਦ ਉਹ ਬਕ ਸਕਦੇ ਸਨ ਬਕਿਆ । ਇਸ ਦੇ ਬਾਦ ਹਜ਼ਰਤ ਮੁਸਲਿਹ ਮਊਦ ਰਜ਼ੀ ਲੱਾਹ ਅਨਹੁ ਨੇ ਉਹਨਾਂ ਦੇ ਇਤਰਾਜ਼ਾਂ ਦੇ ਉਤੱਰ ਦਿੱਤੇ ਅਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸਚੱਾਈ ਸਿੱਧ ਕੀਤੀ । ਆਪ ਨੇ ਫ਼ਰਮਾਇਆ ਕਿ ਹਜ਼ਰਤ ਮਿਰਜ਼ਾ ਸਾਹਬ ਦੇ ਦਾਵੇ ਤੋਂ ਪਹਿਲਾਂ ਦੇ ਜੀਵਨ ਨੂੰ ਦੇਖਦੇ ਹਾਂ ਤਾਂ ਆਪ ਨੇ ਇੱਥੋਂ ਦੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਵਾਰ ਵਾਰ ਇਹ ਐਲਾਨ ਕਰਕੇ ਫ਼ਰਮਾਇਆ ਕਿ ਕੀ ਤੁਸੀਂ ਮੇਰੇ ਪਹਿਲੇ ਜੀਵਨ ਉਪੱਰ ਇਤਰਾਜ਼ ਕਰ ਸਕਦੇ ਹੋ ? ਪਰ ਕਿਸੇ ਦੀ ਜੁਰੱਤ ਨ ਹੋਈ, ਸਗੋਂ ਆਪ ਦੀ ਪਵਿਤੱਰਤਾ ਦਾ ਇਕਰਾਰ ਕਰਨਾ ਪਿਆ । ਹਰ ਇਕ ਨੇ ਗਵਾਹੀ ਦਿੱਤੀ ਕਿ ਆਪ ਦਾ ਪਹਿਲਾ ਜੀਵਨ ਬਿਲਕੁਲ ਪਾਕ ਸੀ ਜਾਂ ਘੱਟੋ ਘੱਟ ਇਤਰਾਜ਼ ਨਹੀਂ ਕਰ ਸਕਦੇ । ਸੋ, ਜੋ ਮਨੁੱਖ ਚਾਲ੍ਹੀ ਸਾਲ ਤੱਕ ਬੇ-ਐਬ ਰਿਹਾ ਅਤੇ ਉਸ ਦਾ ਜੀਵਨ ਪਾਕ ਰਿਹਾ, ਉਹ ਕਿਵੇਂ ਰਾਤੋ ਰਾਤ ਕੁਝ ਦਾ ਕੁਝ ਹੋ ਗਿਆ ਅਤੇ ਵਿਗੜ ਗਿਆ । ਜੋ ਮਾਨਸਿਕਤਾ ਦੇ ਮਾਹਰ ਹਨ ਉਹ ਇਹੋ ਕਹਿੰਦੇ ਹਨ ਕਿ ਜੋ ਆਚਰਣਕ ਬੁਰਾਈਆਂ ਹਨ ਉਹ ਹੋਲੀ ਹੋਲੀ ਪੈਦਾ ਹੁੰਦੀਆਂ ਹਨ । ਇਕ ਦਮ ਆਚਰਣਕ ਪਰਿਵਰਤਨ ਨਹੀਂ ਹੁੰਦਾ । ਸੋ, ਦੇਖੋ ਕਿ ਆਪ ਦਾ ਬੀਤਿਆ ਸਮਾਂ ਕਿੰਨ੍ਹਾ ਬੇ-ਐਹਬ, ਬੇ ਨੁਕਸ ਅਤੇ ਰੋਸ਼ਨ ਹੈ ਕਿ ਕਿਸੇ ਨੂੰ ਜੁਰੱਤ ਨ ਹੋਈ ।

ਫਿਰ ਅਲੱਾਹ ਤਆਲਾ ਸੂਰਤ ਮੋਮਿਨ ਵਿੱਚ ਫ਼ਰਮਾਉਂਦਾ ਹੈ ਕਿ 'ਇਨੱਾ ਲ ਨਨਸੁਰ ਰੁਸੁਲਨਾ' ਕਿ ਅਸੀਂ ਆਪਣੇ ਰਸੂਲ ਦੀ ਮਦਦ ਕਰਦੇ ਹਾਂ । ਇਹ ਮਦਦ ਅਸੀਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਲਈ ਕਿਵੇਂ ਦੇਖਦੇ ਹਾਂ । ਹਜ਼ਰਤ ਮੁਸਲਿਹ ਮਊਦ ਕਹਿੰਦੇ ਹਨ ਕਿ ਆਪ ਨੂੰ ਵੱਖ ਵੱਖ ਢੰਗਾ ਨਾਲ ਮਾਰਨ ਦੇ ਜਤਨ ਕੀਤੇ ਗਏ । ਲੋਕ ਮਾਰਨ ਲਈ ਨਿਰਧਾਰਤ ਕੀਤੇ ਗਏ । ਆਪ ਉਪੱਰ ਝੂਠੇ ਕਤਲ ਦੇ ਆਰੋਪ ਲਾਏ ਗਏ । ਡਾਕਟਰ ਮਾਰਟਨ ਕਲਾਰਕ ਨੇ ਕਤਲ ਦਾ ਝੂਠਾ ਮੁਕਦੱਮਾ ਬਣਾਇਆ ਅਤੇ ਇਕ ਮਨੁੱਖ ਨੇ ਕਹਿ ਵੀ ਦਿਤੱਾ ਕਿ ਮੈਂਨੂੰ ਹਜ਼ਰਤ ਮਿਰਜ਼ਾ ਸਾਹਬ ਨੇ ਨਿਯੁਕਤ ਕੀਤਾ ਸੀ । ਮਜਿਸਟ੍ਰੇਟ ਉਹ ਜੋ ਇਸ ਦਾਵੇ ਨਾਲ ਆਇਆ ਸੀ ਕਿ ਇਸ ਮੁਦਈ ਯਹੂਦੀਯਤ ਤੇ ਮਸੀਹੀਯਤ ਨੂੰ ਹੁਣ ਤੱਕ ਕਿਸੇ ਨੇ ਫ਼ੜਿਆ ਕਿਉਂ ਨਹੀਂ ? ਮੈਂ ਫੜਾਂਗਾ, ਪਰ ਜੱਦ ਮੁਕੱਦਮਾ ਹੁੰਦਾ ਹੈ ਤਾਂ ਉਹੋਂ ਮਜਿਸਟ੍ਰੇਟ ਕਹਿੰਦਾ ਹੈ ਕਿ ਮੇਰੇ ਅਨੁਸਾਰ ਇਹ ਮੁਕਦੱਮਾ ਝੂਠਾ ਹੈ ਅਤੇ ਰੱਬ ਨੇ ਇਸ ਝੂਠੇ ਆਰੋਪ ਦਾ ਖ਼ਾਤਮਾ ਕਰ ਦਿੱਤਾ ।

ਇਸੇ ਪ੍ਰਕਾਰ ਆਪ ਫ਼ਰਮਾਉਂਦੇ ਹਨ ਕਿ ਸਾਡੀ ਜਮਾਤ ਦੇ ਜੁਸ਼ੀਲੇ ਮੁਬਲੱਗ਼ ਮੌਲਵੀ ਉਮਰਦੀਨ ਸਾਹਬ ਸ਼ਿਮਲਵੀ ਵੀ ਇਸ ਮਿਆਰ ਨੂੰ ਪਰਖ ਕੇ ਅਹਮਦੀ ਹੋਏ । ਉਹ ਸੁਣਾਉਂਦੇ ਹਨ ਕਿ ਸ਼ਿਮਲਾ ਵਿੱਚ ਮੌਲਵੀ ਮੁਹਮੱਦ ਹੁਸੈਨ ਅਤੇ ਮੌਲਵੀ ਅਬਦੁਰ ਰਹਿਮਾਨ ਸਯੱਾਹ ਅਤੇ ਕੁਝ ਹੋਰ ਲੋਕ ਰੌਲਾ ਪਾ ਰਹੇ ਸਨ ਕਿ ਹੁਣ ਮਿਰਜ਼ਾ ਸਾਹਬ ਦੇ ਟਾਕਰੇ ਵਿੱਚ ਕੀ ਢੰਗ ਅਪਨਾਉਣਾ ਚਾਹੀਦਾ ਹੈ । ਮੌਲਵੀ ਅਬਦੁਰ ਰਹਿਮਾਨ ਸਾਹਬ ਨੇ ਕਿਹਾ ਕਿ ਮਿਰਜ਼ਾ ਸਾਹਬ ਘੋਸ਼ਣਾ ਕਰ ਚੁਕੇ ਹਨ ਕਿ ਹੁਣ ਮੈਂ ਮੁਬਾਹਿਸਾ ਨਹੀਂ ਕਰਾਂਗਾ । ਅਸੀਂ ਮੁਬਾਹਿਸੇ ਦਾ ਇਸ਼ਤਿਹਾਰ ਦਿੰਦੇ ਹਾਂ । ਜੇਕਰ ਉਹ ਮੁਕਾਬਲੇ ਲਈ ਖੜੇ ਹੋ ਜਾਣਗੇ ਤਾਂ ਅਸੀਂ ਆਖਾਂ ਗੇ ਕਿ ਉਹਨਾਂ ਨੇ ਝੂਠ ਬੋਲਿਆ ਕਿ ਪਹਿਲਾਂ ਇਸ਼ਤਿਹਾਰ ਦਿੱਤਾ ਸੀ ਕਿ ਅਸੀਂ ਕਿਸੇ ਤੋਂ ਮੁਬਾਹਿਸਾ ਨਹੀਂ ਕਰਾਂਗੇ ਅਤੇ ਹੁਣ ਮੁਬਾਹਿਸੇ ਲਈ ਤਿਆਰ ਹੋ ਗਏ ਹਨ ਅਤੇ ਜੇਕਰ ਮੁਬਾਹਿਸੇ ਲਈ ਤਿਆਰ ਨਹੀਂ ਹੋਏ ਤਾਂ ਅਸੀਂ ਰੌਲਾ ਪਾ ਦਿਆਂਗੇ ਕਿ ਦੇਖੋ ਮਿਰਜ਼ਾ ਸਾਹਬ ਹਾਰ ਗਏ । ਇਸ'ਤੇ ਮੌਲਵੀ ਉਮਰਦੀਨ ਨੇ ਕਿਹਾ ਕਿ ਇਸ ਦੀ ਕੀ ਲੋੜ ਹੈ, ਮੈਂ ਜਾਂਦਾ ਹਾਂ ਅਤੇ ਜਾਕੇ ਉਹਨਾਂ ਨੂੰ ਕਤਲ ਕਰ ਦਿੰਦਾ ਹਾਂ । ਮੌਲਵੀ ਮੁਹਮੱਦ ਹੁਸੈਨ ਨੇ ਕਿਹਾ ਕਿ ਇਹ ਸਭ ਕੁਝ ਕੀਤਾ ਜਾ ਚੁੱਕਿਆ ਹੈ । ਮੌਲਵੀ ਉਮਰਦੀਨ ਦੇ ਮਨ ਵਿੱਚ ਇਹ ਗੱਲ ਬਹਿ ਗਈ ਕਿ ਜਿਸ ਦੀ ਰੱਬ ਰੱਖਿਆ ਕਰ ਰਿਹਾ ਹੋਵੇ ਉਹ ਰੱਬ ਵੱਲੋਂ ਹੀ ਹੋਵੇਗਾ । ਉਹਨਾਂ ਨੇ ਬੈਅਤ ਕਰ ਲਈ । ਸੋ, ਵਿਰੋਧੀ ਮਾਰਨਾ ਚਾਹੁੰਦੇ ਹਨ ਪਰ ਰੱਬ ਉਹਨਾ ਨੂੰ ਬਚਾਉਂਦਾ ਹੈ ਸਗੋਂ ਦੁਸ਼ਮਣੀ ਕਰਨ ਵਾਲਾ ਜੇਕਰ ਨੇਕ ਸੁਭਾਵੀ ਹੋਵੇ ਤਾਂ ਉਹ ਆਪ ਘਾਇਲ ਹੋਕੇ ਖੁਦ ਆਪਣੇ ਦਿਲ ਨੂੰ ਵੇਚਕੇ ਜਾਂਦਾ ਹੈ ।

ਹੁਣ ਇਹ ਜੋ ਮੈਂ ਪਹਿਲਾਂ ਦੱਸਿਆ ਸੀ ਕਤਲ ਦੇ ਮੁਕਦਮੇ ਬਾਰੇ ਜੋ ਈਸਾਈਆਂ ਵੱਲੋਂ ਹੋਇਆ ਸੀ ਇਸ ਦਾ ਵਿਸਥਾਰ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਨੇ ਵਰਨਣ ਕੀਤਾ ਹੈ । ਮਾਰਟਨ ਕਲਾਰਕ ਨੇ ਅਦਾਲਤ ਵਿੱਚ ਇਹ ਦਾਵਾ ਕੀਤਾ ਕਿ ਮੇਰੇ ਕਤਲ ਲਈ ਮਿਰਜ਼ਾ ਸਾਹਬ ਨੇ ਇਕ ਵਿਅਕਤੀ ਭੇਜਿਆ ਹੈ । ਮੌਲਵੀ ਮੁਹਮੱਦ ਹੁਸੈਨ ਸਾਹਬ ਬਟਾਲਵੀ ਇਸ ਮੁਕਦਮੇ ਵਿੱਚ ਆਪ ਜੀ ਦੇ ਵਿਰੁਧ ਗਾਵਾਹੀ ਦੇਣ ਲਈ ਵੀ ਆਏ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਰੱਬ ਨੇ ਸਮੇਂ ਤੋਂ ਪਹਿਲਾਂ ਹੀ ਦੱਸ ਦਿਤੱਾ ਸੀ ਕਿ ਇਕ ਮੌਲਵੀ ਮੁਕਾਬਲੇ ਵਿੱਚ ਪੇਸ਼ ਹੋਵੇਗਾ ਪਰ ਰੱਬ ਉਸ ਨੂੰ ਜ਼ਲੀਲ ਕਰੇਗਾ ਪਰ ਇਸ ਇਲਹਾਮ ਦੇ ਹੁੰਦਿਆਂ ਹੋਇਆਂ ਵੀ ਕਿ ਉਸ ਦੀ ਜ਼ਿਲੱਤ ਬਾਰੇ ਦੱਸ ਦਿੱਤਾ ਗਿਆ ਸੀ ਅਤੇ ਇਲਹਾਮ ਨੂੰ ਪੂਰਾ ਕਰਨ ਲਈ ਖ਼ਾਸ ਜਤਨ ਕਰਨਾ ਜ਼ਰੂਰੀ ਹੁੰਦਾ ਹੈ । ਮੌਲਵੀ ਫ਼ਜ਼ਲ ਦੀਨ ਸਾਹਬ ਜੋ ਲਹੌਰ ਦੇ ਇਕ ਵਕੀਲ ਅਤੇ ਇਸ ਮੁਕਦੱਮੇ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਪੈਰ੍ਹਵੀ ਕਰ ਰਹੇ ਸਨ, ਇਕ ਪ੍ਰਸ਼ਨ ਕਰਨਾ ਚਾਹਿਆ ਜਿਸ ਤੋਂ ਮੌਲਵੀ ਮੁਹਮੱਦ ਹੁਸੈਨ ਸਾਹਬ ਦੀ ਜ਼ਿਲੱਤ ਹੁੰਦੀ ਸੀ ਤਾਂ ਆਪ ਅਲੈਹਿ ਸਲਾਮ ਨੇ ਇਸ ਪ੍ਰਸ਼ਨ ਨੂੰ ਪੇਸ਼ ਕਰਨ ਤੋਂ ਮਨਾ ਕਰ ਦਿੱਤਾ । ਮੌਲਵੀ ਫ਼ਜ਼ਲ ਦੀਨ ਸਾਹਬ ਅਹਮਦੀ ਨਹੀਂ ਸਨ ਸਗੋਂ ਹਨਫ਼ੀਆਂ ਦੇ ਲੀਡਰ ਸਨ । ਇਸ ਲਈ ਧਰਮ ਪੱਖੋਂ ਖਾਰ ਰਖੱਦੇ ਸਨ । ਪਰ ਜੱਦ ਕਦੇ ਗ਼ੈਰ ਅਹਮਦੀਆਂ ਦੀ ਸਭਾਵਾਂ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਵਿਅਕਤੀਤਵ ਉਪੱਰ ਹਮਲਾ ਕੀਤਾ ਜਾਂਦਾ ਤਾਂ ਉਹ ਪੁਰ ਜ਼ੋਰ ਸ਼ਬਦਾਂ ਵਿੱਚ ਖੰਡਨ ਕਰਦੇ ਅਤੇ ਕਹਿੰਦੇ ਆਸਥਾ ਦਾ ਮਾਮਲਾ ਵੱਖਰਾ ਹੈ ਪਰ ਮੈਂ ਦੇਖਿਆ ਹੈ ਕਿ ਆਪ ਦੇ ਆਚਰਣ ਅਜਿਹੇ ਹਨ ਕਿ ਸਾਡੇ ਉਲਮਾ ਵਿੱਚ ਕੋਈ ਵੀ ਉਹਨਾਂ ਦਾ ਮੁਕਾਬਲਾ ਨਹੀਂ ਕਰ ਸਕਦਾ । ਅਖ਼ਲਾਕ ਦੇ ਪੱਖੋਂ ਮੈਂ ਵੀ ਉਹਨਾਂ ਦੀ ਪਰਖ ਕੀਤੀ ਹੈ ਕਿ ਕੋਈ ਮੌਲਵੀ ਓਥੇ ਖੜਾ ਨਹੀਂ ਹੋ ਸਕਦਾ, ਜਿਸ ਮੁਕਾਮ'ਤੇ ਆਪ ਖੜੇ ਸਨ । ਹੁਣ ਦੇਖੋ ਓਧਰ ਗਵਾਹ ਦੇ ਜ਼ਲੀਲ ਹੋਣ ਦਾ ਇਲਹਾਮ ਹੈ ਏਧਰ ਉਸ ਦੀ ਗਵਾਹੀ ਆਪ ਅਲੈਹਿ ਸਲਾਮ ਨੂੰ ਮੁਜਰਮ ਬਣਾਉਂਦੀ ਹੈ ਪਰ ਜੋ ਗੱਲ ਗਵਾਹ ਦੀ ਪੁਜ਼ੀਸ਼ਨ ਨੂੰ ਢਾਹੁਣ ਵਾਲੀ ਸੀ ਉਹ ਆਪ ਪੁਛੱਣ ਹੀ ਨਹੀਂ ਦਿੰਦੇ, ਪਰ ਜਿਸ ਰੱਬ ਨੇ ਸਮੇਂ ਤੋਂ ਪਹਿਲਾਂ ਮੌਲਵੀ ਮੁਹਮੱਦ ਹੁਸੈਨ ਦੀ ਜ਼ਿਲੱਤ ਦੀ ਖ਼ਬਰ ਦਿੱਤੀ ਸੀ ਉਸ ਨੇ ਇਕ ਪਾਸੇ ਤਾਂ ਆਪ ਦੇ ਆਚਰਣ ਨੂੰ ਦਿਖਾਕੇ ਆਪ ਜੀ ਦੇ ਮਾਣ ਨੂੰ ਕਾਇਮ ਕੀਤਾ ਗ਼ੈਰ ਅਹਮਦੀ ਜੋ ਵਕੀਲ ਸੀ ਉਸ ਦੀ ਦ੍ਰਿਸ਼ਟੀ ਵਿੱਚ ਵੀ ਆਪ ਦਾ ਮੁਕਾਮ ਹੋਰ ਬੁਲੰਦ ਹੋ ਗਿਆ ਅਤੇ ਦੂਜੇ ਪਾਸੇ ਅਸਾਧਾਰਣ ਸਾਧਨ ਪੈਦਾ ਕਰਕੇ ਮੌਲਵੀ ਸਾਹਬ ਨੂੰ ਹੋਰ ਵੀ ਜ਼ਲੀਲ ਕਰਾ ਦਿੱਤਾ । ਹੋਇਆ ਇਸ ਪ੍ਰਕਾਰ ਕਿ ਡਿਪਟੀ ਕਮਿਸ਼ਨਰ ਜੋ ਪਹਿਲਾਂ ਬਹੁਤ ਕਰੜਾ ਸੀ ਜੋ ਇਕ ਪਾਸੇ ਕਹਿ ਰਿਹਾ ਸੀ ਮੈਂ ਫੜਾਂਗਾ, ਜੱਦ ਆਪ ਜੀ ਦੀ ਸ਼ਕਲ ਦੇਖੀ ਚਿਹਾਰਾ ਦੇਖਿਆ ਤਾਂ ਉਸ ਦੇ ਮਨ ਦੀ ਅਵਸਥਾ ਹੀ ਬਦਲ ਗਈ ਅਤੇ ਬੇਸ਼ਕ ਆਪ ਉਸ ਦੇ ਸਾਹਮਣੇ ਮੁਜਰਮ ਵਾਂਗ ਪੇਸ਼ ਹੋ ਰਹੇ ਸਨ ਉਸ ਨੇ ਆਪ ਨੂੰ ਕੁਰਸੀ ਮੰਗਵਾ ਕੇ ਆਪਣੇ ਨਾਲ ਲਗਾਕੇ ਬਿਠਾ ਲਿਆ । ਜੱਦ ਮੌਲਵੀ ਮੁਹਮੱਦ ਹੁਸੈਨ ਗਵਾਹੀ ਦੇਣ ਲਈ ਆਏ ਤਾਂ ਕਿਉਂਕਿ ਉਹ ਇਸ ਆਸ ਨਾਲ ਆਏ ਸਨ ਕਿ ਆਪਨੂੰ ਹੱਥਕੜੀ ਲੱਗੀ ਹੋਈ ਹੋਵੇਗੀ ਜਾਂ ਘੱਟੋ ਘੱਟ ਆਪਨੂੰ ਜ਼ਲੀਲ ਕਰਕੇ ਖੜਾ ਕੀਤਾ ਹੋਵੇਗਾ । ਜੱਦ ਉਹਨਾਂ ਨੇ ਦੇਖਿਆ ਕਿ

ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨੂੰ ਮਜਿਸਟ੍ਰੇਟ ਨੇ ਆਪਣੇ ਨਾਲ ਕੁਰਸੀ'ਤੇ ਬਿਠਾਇਆ ਹੋਇਆ ਹੈ ਤਾਂ ਉਹ ਗੁੱਸੇ ਨਾਲ ਭਰ ਗਿਆ ਅਤੇ ਝੱਟ ਮੰਗ ਕੀਤੀ ਕਿ ਮੈਨੂੰ ਵੀ ਕੁਰਸੀ ਮਿਲੇ । ਕਮਿਸ਼ਨਰ ਨੂੰ ਗੁੱਸਾ ਆ ਗਿਆ, ਉਸ ਨੇ ਕਿਹਾ ਬਕ ਬਕ ਨ ਕਰੋ ਪਿੱਛੇ ਹਟੋ ਅਤੇ ਜੁੱਤੀਆਂ ਵਿੱਚ ਖੜੇ ਹੋ ਜਾਓ । ਚਪੜਾਸੀ ਨੇ ਜੱਦ ਕਮਿਸ਼ਨਰ ਸਾਹਬ ਦੇ ਸ਼ਬਦ ਸੁਣੇ ਤਾਂ ਉਸ ਨੇ ਮੌਲਵੀ ਮੁਹਮੱਦ ਹੁਸੈਨ ਸਾਹਬ ਨੂੰ ਬਾਹੋਂ ਫੜ ਕੇ ਜੁੱਤੀਆਂ ਵਿੱਚ ਲਿਆ ਖੜਾ ਕੀਤਾ । ਮੌਲਵੀ ਸਾਹਬ ਨੇ ਦੇਖਿਆ ਕਿ ਮੇਰੀ ਜ਼ਿਲੱਤ ਹੋਈ ਹੈ । ਬਾਹਰ ਹਜ਼ਾਰਾਂ ਹੀ ਲੋਕ ਖੜੇ ਹਨ ਜੇਕਰ ਉਹਨਾਂ ਨੂੰ ਮੇਰੀ ਇਸ ਜ਼ਿਲੱਤ ਦਾ ਪਤਾ ਲੱਗਾ ਤਾਂ ਉਹ ਕੀ ਆਖਣ ਗੇ? ਉਹ ਅਦਾਲਤ ਦੇ ਕਮਰੇ'ਚੋਂ ਬਾਹਰ ਨਿਕਲ ਗਏ । ਵਰਾਂਡੇ ਵਿੱਚ ਇਕ ਕੁਰਸੀ ਪਈ ਸੀ ਮੌਲਵੀ ਸਾਹਬ ਨੇ ਵਿਚਾਰ ਕੀਤਾ ਕਿ ਇਸ ਜ਼ਿਲੱਲਤ ਨੂੰ ਲੁਕਾਉਣ ਦਾ ਚੰਗਾ ਸਮਾਂ ਹੈ ਝੱਟ ਕੁਰਸੀ ਖਿੱਚ ਕੇ ਬਹਿ ਗਏ ਅਤੇ ਸੋਚ ਲਿਆ ਕਿ ਕੁਰਸੀ'ਤੇ ਬੈਠਿਆ ਲੋਕ ਦੇਖਣ ਗੇ ਤਾਂ ਖਿਆਲ ਕਰਨਗੇ ਕਿ ਮੈਨੂੰ ਅੰਦਰ ਵੀ ਕੁਰਸੀ ਮਿਲੀ ਸੀ । ਚਪੜਾਸੀ ਨੇ ਦੇਖ ਲਿਆ, ਉਸ ਨੇ ਮੌਲਵੀ ਸਾਹਬ ਨੂੰ ਓਥੋਂ ਵੀ ਉਠਾ ਦਿੱਤਾ ਅਤੇ ਕਿਹਾ ਕੁਰਸੀ ਖ਼ਾਲੀ ਕਰ ਦਿਓ । ਇੰਝ ਵਰਾਂਡੇ ਦੀ ਕੁਰਸੀ ਵੀ ਛੁੱਟ ਗਈ । ਬਾਹਰ ਆਏ ਤਾਂ ਲੋਕ ਚਾਦਰਾਂ ਵਿਛਾਕੇ ਉਡੀਕ ਵਿੱਚ ਬੈਠੇ ਸਨ ਕਿ ਮੁਕਦੱਮੇ ਦਾ ਕੀ ਫ਼ੈਸਲਾ ਹੁੰਦਾ ਹੈ । ਇਕ ਚਦੱਰ'ਤੇ ਕੁਝ ਥਾਂ ਖਾਲੀ ਦੇਖੀ ਤਾਂ ਓਥੇ ਜਾਕੇ ਬਹਿ ਗਏ । ਇਹ ਚਦੱਰ ਮਿਆਂ ਮੁਹਮੱਦ ਬਖ਼ਸ਼ ਸਾਹਬ ਬਟਾਲਵੀ ਦੀ ਸੀ ਜੋ ਉਸ ਸਮੇਂ ਗ਼ੈਰ ਅਹਮਦੀ ਸਨ । ਉਸ'ਤੇ ਬੈਠਿਆਂ ਉਹਨਾਂ ਨੇ ਮੌਲਵੀ ਮੁਹਮੱਦ ਹੁਸੈਨ ਨੂੰ ਆਪਣੀ ਚਦੱਰ'ਤੇ ਬੈਠਿਆਂ ਦੇਖਿਆ ਤਾਂ ਗੁੱਸੇ ਵਿੱਚ ਆ ਗਏ ਅਤੇ ਆਖਣ ਲੱਗੇ, ਮੇਰੀ ਚਦੱਰ ਛੱਡੋ, ਤੂੰ ਤਾਂ ਮੇਰੀ ਚਦੱਰ ਪਲੀਦ ਕਰ ਦਿੱਤੀ ਹੈ, ਤੂੰ ਮੌਲਵੀ ਹੋਕੇ ਈਸਾਈਆਂ ਦੇ ਪੱਖ ਵਿੱਚ ਗਵਾਹੀ ਦੇਣ ਲਈ ਆਇਆਂ ਹੈਂ । ਸੋ, ਉਹਨਾਂ ਨੂੰ ਇਸ ਚਦੱਰ ਤੋਂ ਵੀ ਉਠਣਾ ਪਿਆ । ਇਸ ਪ੍ਰਕਾਰ ਹਰ ਥਾਂ ਉਹਨਾਂ ਨੂੰ ਰੱਬ ਨੇ ਜ਼ਲੀਲ ਕੀਤਾ ।

ਸੋ, ਦੇਖੋ ਇਹ ਖੁੱਲੇ ਨਿਸ਼ਾਨ ਹਨ ਕਿ ਕਿਵੇਂ ਰੱਬ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਦੁਸਮਣਾ ਦੇ ਹੱਥੋਂ ਬਰੀ ਕੀਤਾ। ਫਿਰ ਇਸੇ ਤੇ ਹੀ ਬਸ ਨਹੀਂ । ਸਰ ਡਗਲਸ ਨੂੰ ਰੱਬ ਨੇ ਹੋਰ ਵੀ ਨਿਸ਼ਾਨ ਦਿਖਾਏ ਜੋ ਮਰਦੇ ਦੱਮ ਤੱਕ ਉਹਨਾ ਨੂੰ ਚੇਤੇ ਰਹੇ । ਸਰ ਡਗਲਸ ਦੇ ਇਕ ਹੈਡ ਕਲਰਕ ਸਨ ਜਿੰਨ੍ਹਾ ਦਾ ਨਾਂ ਗ਼ੁਲਾਮ ਹੈਦਰ ਸੀ । ਉਹਨਾਂ ਨੇ ਇਹ ਕਿਸੱਾ ਸੁਣਾਇਆਕਿ ਮੈਂ ਦੇਖਿਆ ਕਿ ਸਰ ਡਗਲਸ ਸੜਕ'ਤੇ ਟਹਿਲ ਰਹੇ ਹਨ, ਉਹ ਕਦੇ ਏਧਰ ਜਾਂਦੇ ਹਨ ਅਤੇ ਕਦੇ ਓਧਰ, ਉਹਨਾਂ ਦਾ ਚਿਹਰਾ ਚਿੰਤਤ ਹੈ । ਮੈਂ ਉਹਨਾਂ ਕੋਲ ਗਿਆ, ਉਹ ਕਹਿਣ ਲੱਗੇ ਕਿ ਜੱਦ ਤੋਂ ਮੈਂ ਮਿਰਜ਼ਾ ਸਾਹਬ ਦੀ ਸ਼ਕਲ ਦੇਖੀ ਹੈ ਉਸ ਸਮੇਂ ਤੋਂ ਮੈਨੂੰ ਇਉਂ ਦਿਖਾਈ ਦਿੰਦਾ ਹੈ ਕਿ ਕੋਈ ਫ਼ਰਿਸ਼ਤਾ ਮਿਰਜ਼ਾ ਸਾਹਬ ਵੱਲ ਹੱਥ ਕਰਕੇ ਮੈਨੂੰ ਕਹਿ ਰਿਹਾ ਹੈ ਕਿ ਮਿਰਜ਼ਾ ਸਾਹਬ ਗੁਨਾਹਗਾਰ ਨਹੀਂ । ਉਹਨਾਂ ਦਾ ਕੋਈ ਕਸੂਰ ਨਹੀਂ । ਫਿਰ ਮੈਂ ਅਦਾਲਤ ਖ਼ਤਮ ਕਰ ਦਿੱਤੀ ਅਤੇ ਇਥੇ ਆਣਕੇ ਹੁਣ ਟਹਿਲਦਾ ਟਹਿਲਦਾ ਜੱਦ ਇਸ ਕੰਢੇ ਵੱਲ ਜਾਂਦਾ ਹਾਂ ਤਾਂ ਓਥੇ ਮੈਨੂੰ ਮਿਰਜ਼ਾ ਸਾਹਬ ਦੀ ਸ਼ਕਲ ਦਿਖਾਈ ਦਿੰਦੀ ਹੈ ਅਤੇ ਉਹ ਕਹਿੰਦੇ ਹਨ ਕਿ ਮੈਂ ਇਹ ਕੰਮ ਨਹੀਂ ਕੀਤਾ, ਇਹ ਸਭ ਝੂਠ ਹੈ । ਫਿਰ ਮੈਂ ਦੂਜੇ ਪਾਸੇ ਜਾਂਦਾ ਹਾਂ ਤਾਂ ਓਥੇ ਵੀ ਮਿਰਜ਼ਾ ਸਾਹਬ ਦਿਖਾਈ ਦਿੰਦੇ ਹਨ ਅਤੇ ਉਹ ਕਹਿੰਦੇ ਹਨ ਇਹ ਸਭ ਝੂਠ ਹੈ । ਮੈਂ ਇਹ ਕੰਮ ਨਹੀਂ ਕੀਤਾ । ਜੇਕਰ ਮੇਰੀ ਇਹੋ ਹਾਲਤ ਰਹੀ ਤਾਂ ਮੈਂ ਪਾਗ਼ਲ ਹੋ ਜਾਵਾਂਗਾ । ਮੈਂ ਕਿਹਾ, ਸਾਹਬ ! ਸੁਪਰੀਡੈਂਟ ਪੁਲਿਸ ਵੀ ਆਏ ਹੋਏ ਹਨ ਉਹ ਵੀ ਅੰਗ੍ਰੇਜ਼ ਹਨ । ਉਹਨਾਂ ਨੂੰ ਬੁਲਾ ਲੈਂਦੇ ਹਾਂ, ਸੰਭਵਤਾਂ ਉਹਨਾਂ ਦੀ ਗੱਲ ਸੁਣ ਕੇ ਆਪ ਨੂੰ ਤਸੱਲੀ ਹੋ ਜਾਵੇ । ਜੱਦ ਉਹ ਆਏ ਤਾਂ ਸਰ ਡਗਲਸ ਨੇ ਉਹਨਾਂ ਨੂੰ ਕਿਹਾ ਦੇਖੋ ਇਹ ਹਾਲਾਤ ਹਨ, ਮੇਰੀ ਜਨੂਨਾ ਵਾਲੀ ਅਵਸਥਾ ਹੋ ਰਹੀ ਹੈ । ਇਸ'ਤੇ ਸੁਪਰੀਡੈਂਟ ਪੁਲਿਸ ਨੇ ਕਿਹਾ ਆਪ ਨੇ ਗਵਾਹ ਨੂੰ ਪਾਦਰੀਆਂ ਦੇ ਹਵਾਲੇ ਕੀਤਾ ਹੋਇਆ ਹੈ, ਉਹ ਲੋਕ ਜੋ ਉਸਨੂੰ ਸਿਖਾਉਂਦੇ ਹਨ ਉਹ ਅਦਾਲਤ ਵਿੱਚ ਆਣਕੇ ਬੋਲ ਦਿੰਦਾ ਹੈ । ਆਪ ਉਸਨੂੰ ਪੁਲਿਸ ਦੇ ਹਵਾਲੇ ਕਰੋ ਅਤੇ ਫਿਰ ਦੇਖੋ ਕੀ ਬਿਆਨ ਦਿੰਦਾ ਹੈ । ਸੋ, ਉਸੇ ਸਮੇਂ ਸਰ ਡਗਲਸ ਨੇ ਹੁਕਮ ਦਿੱਤਾ ਕਿ ਅਬਦੁਲ ਹਮੀਦ ਨੂੰ ਪੁਲਿਸ ਦੇ ਹਵਾਲੇ ਕੀਤਾ ਜਾਵੇ । ਅਤੇ ਹੁਕਮ ਅਨੁਸਾਰ ਅਬਦੁਲ ਹਮੀਦ ਨੂੰ ਪਾਦਰੀਆਂ ਤੋਂ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ । ਦੂਜੇ ਦਿਨ ਜਾਂ ਉਸੇ ਦਿਨ ਉਸ ਨੇ ਝੱਟ ਇਕਰਾਰ ਕਰ ਲਿਆ ਕਿ ਉਹ ਝੂਠ ਬੋਲਦਾ ਰਿਹਾ ਹੈ । ਭਾਵ ਉਸ ਨੇ ਸਾਰੀਆਂ ਗੱਲਾਂ ਦੱਸ ਦਿੱਤੀਆਂ ਅਤੇ ਸਰ ਡਗਲਸ ਨੇ ਅਗਲੀ ਪੇਸ਼ੀ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਬਰੀ ਕਰ ਦਿੱਤਾ । ਸੋ ਦੇਖੋ, ਇਹ ਸਾਰੇ ਨਿਸ਼ਾਨ ਸਾਡੇ ਲਈ ਖੁੱਲੇ ਨਿਸ਼ਾਨ ਹਨ । ਪਰ ਰੱਬ ਨੇ ਸਰ ਡਗਲਸ ਲਈ ਹੋਰ ਵੀ ਪ੍ਰਤੱਖ ਨਿਸ਼ਾਨ ਪ੍ਰਕਟ ਕੀਤੇ । ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਕਹਿੰਦੇ ਹਨ, ਉਸ ਨੇ ਮੈਨੂੰ ਆਪ ਸੁਣਾਇਆ ਕਿ ਇਕ ਦਿਨ ਭਾਰਤੀ ਆਈ ਸੀ

ਐਸ ਨੇ ਮੈਨੂੰ ਪੁੱਛਿਆ ਕਿ ਆਪਣੇ ਜੀਵਨ ਦੇ ਅਦਭੁਤ ਹਾਲਾਤਾਂ ਵਿੱਚੋਂ ਕੋਈ ਇਕ ਘਟਣਾ ਦੱਸੋ, ਤਾਂ ਮੈਂ ਉਹਨਾਂ ਨੂੰ ਇਹੋ ਮਿਰਜ਼ਾ ਸਾਹਬ ਵਾਲੀ ਘਟਣਾ ਸੁਣਾਈ । ਮੈਂ ਇਹ ਗੱਲ ਸੁਣਾ ਰਿਹਾ ਸੀ ਕਿ ਉਹਨਾਂ ਦਾ ਜੋ ਬਹਿਰਾ ਸੀ ਕੰਮ ਕਰਨ ਵਾਲਾ ਉਸ ਨੇ ਕਿਹਾ ਕਿ ਬਾਹਰ ਕੋਈ ਮਨੁੱਖ ਖੜਾ ਹੈ ਜੋ ਆਪ ਨੂੰ ਮਿਲਣਾ ਚਾਹੁੰਦਾ ਹੈ । ਜੱਦ ਉਹ ਅੰਦਰ ਆਇਆ ਤਾਂ ਉਸ ਨੌਜੁਆਨ ਨੇ ਕਿਹਾ ਕਿ ਆਪ ਕੇਰੇ ਪਿਤਾ ਨੂੰ ਜਾਣਦੇ ਹਨ ਉਹਨਾਂ ਦਾ ਨਾਂ ਪਾਦਰੀ ਵਾਰਸਦੀਨ ਸੀ । ਮੈਂ ਕਿਹਾ ਹਾਂ, ਮੈਂ ਹੁਣੇ ਉਹਨਾਂ ਦਾ ਹੀ ਵਰਨਣ ਕਰ ਰਿਹਾ ਸੀ । ਉਹ ਨੌਜੁਆਨ ਕਹਿਣ ਲੱਗਾ ਕਿ ਹੁਣੇ ਹੀ ਤਾਰ ਆਈ ਹੈ ਕਿ ਪਾਦਰੀ ਵਾਰਸ ਦੀਨ ਫ਼ੌਤ ਹੋ ਗਏ ਹਨ । ਪਾਦਰੀ ਵਾਰਸ ਦੀਨ ਇਕ ਪਾਦਰੀ ਸੀ ਜਿਸਨੇ ਡਾਕਟਰ ਮਾਰਟਨ ਕਲਾਰਕ ਨੂੰ ਖ਼ੁਸ਼ ਕਰਨ ਲਈ ਉਸ ਵੱਲੋਂ ਸਾਰੀ ਕਾਰਵਾਈ ਕੀਤੀ ਸੀ । ਪਰ ਐਨ ਮੌਕੇ'ਤੇ ਉਸ ਸਮੇਂ ਜੱਦ ਸਰ ਡਗਲਸ ਵਾਰਸ ਦੀਨ ਦਾ ਵਰਨਣ ਕਰ ਰਹੇ ਸਨ, ਉਹਨਾਂ ਦੇ ਪੁਤੱਰ ਦਾ ਓਥੇ ਆਉਣਾ ਅਤੇ ਆਪਣੇ ਪਿਤਾ ਦੀ ਮੌਤ ਦੀ ਖ਼ਬਰ ਦੇਣਾ ਇਕ ਅਦਭੁਤ ਘਟਣਾ ਸੀ । ਸਰ ਡਗਲਸ ਆਪਣੀ ਮੌਤ ਤੱਕ ਜਿਸ ਵੀ ਅਹਮਦੀ ਨੂੰ ਮਿਲਦੇ ਰਹੇ ਉਸ ਨੂੰ ਆਪਣੀ ਇਹ ਘਟਣਾ ਸੁਣਾਉਂਦੇ ਰਹੇ । ਇਹ ਹੀ ਖੁੱਲੇ ਨਿਸ਼ਾਨ ਹਨ ਜਿੰਨ੍ਹਾ ਰਾਹੀਂ ਰੱਬ ਆਪਣੇ ਪਿਆਰਿਆਂ (ਨਬੀਆਂ) ਦੀ ਸਚੱਾਈ ਪ੍ਰਕਟ ਕਰਦਾ ਰਹਿੰਦਾ ਹੈ । ਅਤੇ ਮੋਮਿਨਾਂ ਨੂੰ ਚਾਹੀਦਾ ਹੈ ਕਿ ਸੱਚੇ ਅਰਥਾਂ ਵਿੱਚ ਮੋਮਿਨ ਬਨਣ ਲਈ ਜਤਨ ਕਰਦਾ ਰਹੇ । ਜੇਕਰ ਉਹ ਹਕੀਕੀ ਮੋਮਿਨ ਬਣੇ ਤਾਂ ਅਲੱਾਹ ਤਆਲਾ ਅਵਸ਼ ਹੀ ਗ਼ੈਬ ਰਾਹੀਂ ਅਜਿਹੀ ਅਵਸਥਾ ਪੈਦਾ ਕਰਦਾ ਹੈ ਜਿਸ ਨਾਲ ਉਸ ਦਾ ਈਮਾਨ ਤਾਜ਼ਾ ਹੁੰਦਾ ਰੱਹਿੰਦਾ ਹੈ । ਵਾਸਤਵ ਵਿੱਚ ਅਜਿਹੇ ਈਮਾਨ ਤੋਂ ਬਿਣਾ ਕੋਈ ਆਨੰਦ ਵੀ ਨਹੀਂ । ਜਿਸ ਈਮਾਨ ਨੇ ਅੱਖਾਂ ਹੀ ਨਹੀਂ ਖੋਲੀਆਂ ਅਤੇ ਮਨੁੱਖ ਨੂੰ ਹਨ੍ਹੇਰੇ ਵਿੱਚ ਰੱਖਿਆ, ਉਸ ਦਾ ਕੀ ਲਾਭ । ਜੋ ਇਸ ਜਹਾਨ ਵਿੱਚ ਅੰਨ੍ਹਾ ਰਹੇਗਾ ਉਹ ਦੂਜੇ ਜਹਾਨ ਵਿੱਚ ਵੀ ਅੰਨ੍ਹਾ ਰਹੇਗਾ ਅਤੇ ਜਿਸ ਨੂੰ ਇਸੇ ਜਹਾਨ ਵਿੱਚ ਖੁੱਲੇ ਨਿਸ਼ਾਨ ਦਿਖਾਈ ਨਹੀਂ ਦਿੰਦੇ ਉਸ ਨੂੰ ਦੂਜੇ ਜਹਾਨ ਵਿੱਚ ਵੀ ਖੁੱਲੇ ਨਿਸ਼ਾਨ ਦਿਖਾਈ ਨਹੀਂ ਦੇਣਗੇ । ਹੁਣ ਇਹਨਾਂ ਨਿਸ਼ਾਂਨਾਂ ਦੀ ਗੱਲ ਹੈ । ਇਹਨਾਂ ਨਿਸ਼ਾਨਾਂ ਦੀ ਲੜੀ ਹੁਣ ਵੀ ਅਰੰਭ ਹੈ, ਭਾਂਵੇਂ ਸੌ ਸਾਲ ਤੋਂ ਵੱਧ ਦਾ ਸਮਾਂ ਇਸ ਗੱਲ ਨੂੰ ਹੋ ਗਿਆ ਹੈ, ਜੋ ਇਕ ਵੱਡਾ ਨਿਸ਼ਾਨ ਸੀ । ਹੁਣ ਇਸ ਪ੍ਰਕਾਰ ਪ੍ਰਕਟ ਹੋ ਰਿਹਾ ਹੈ ਕਿ ਕੈਪਟਨ ਡਗਲਸ ਦੇ ਨਵਾਸੇ ਨੇ ਮੈਨੂੰ ਇਹ ਸੰਦੇਸ਼ ਭਿਜਵਾਇਆ ਹੈ ਕਿ ਮੈਂ ਬੈਅਤ ਕਰਨਾ ਚਾਹੁੰਦਾ ਹਾਂ ਅਤੇ ਕਿਹਾ ਕਿ ਮੈਂ ਸੋਚਦਾ ਹਾਂ ਕਿ ਕਿਹੜਾ ਨੇਕ ਕੰਮ ਮੇਰੇ ਨਾਨਾ ਤੋਂ ਹੋਇਆ ਸੀ, ਐਨ੍ਹੀ ਵੱਡੀ ਨੇਕੀ ਹੋਈ ਸੀ ਕਿ ਮੇਰੇ ਦਿਲ ਵਿੱਚ ਤੀਬਰਤਾ ਨਾਲ ਇੱਛਾ ਪੈਦਾ ਹੋ ਰਹੀ ਹੈ ਕਿ ਮੈਂ ਅਹਮਦੀਅਤ ਵਿੱਚ ਸਾਮਲ ਹੋ ਜਾਵਾਂ । ਅਤੇ ਇਹ ਹੈ ਨਿਸ਼ਾਨ ਕਿ ਅੱਜ ਵੀ ਉਸ ਨੂੰ ਅਨੁਭਵ ਹੋਇਆ । ਅੱਜ ਉਸਦੇ ਨਵਾਸੇ ਨੂੰ ਇਹ ਅਹਿਸਾਸ ਹੋ ਰਿਹਾ ਹੈ ਕਿ ਉਹ ਸਚੱਾਈ ਜੋ ਸੀ ਸਰ ਡਗਲਸ ਨੂੰ ਦਿਖਾਈ ਗਈ । ਉਸ ਨੂੰ ਉਸ ਨੇ ਤਾਂ ਪਰਵਾਨ ਨਹੀਂ ਕੀਤਾ ਪਰ ਇਸ ਸਚੱਾਈ ਨੂੰ ਦੇਖ ਕੇ ਮੈਂ ਅੱਜ ਪਰਵਾਨ ਕਰਦਾ ਹਾਂ ਅਤੇ ਮਾਰਟਨ ਕਲਾਰਕ ਦੇ ਪੋਤੇ ਦਾ ਕਿੱਸਾ ਤਾਂ ਆਪ ਲੋਕ ਪਹਿਲਾਂ ਹੀ ਸੁਣ ਚੁਕੇ ਹਨ । ਪਹਿਲਾਂ ਵੀ ਵਰਨਣ ਹੋ ਚੁੱਕਿਆ ਹੈ ਕਿ ਉਸ ਨੇ ਪ੍ਰਤਖ ਰੂਪ ਵਿੱਚ ਏਥੇ ਘੋਸ਼ਣਾ ਕੀਤੀ ਸੀ ਕਿ ਮੇਰਾ ਦਾਦਾ ਗ਼ਲਤ ਸੀ ਅਤੇ ਹਜ਼ਰਤ ਮਿਰਜ਼ਾ ਸਾਹਬ ਸੱਚੇ ਸਨ ।

ਹਜ਼ਰਤ ਮੁਸਲਿਹ ਮਊਦ ਕਹਿੰਦੇ ਹਨ ਕਿ, ਸੋ, ਮੋਮਿਨ ਨੂੰ ਸਦਾ ਹੀ ਦੁਆਵਾਂ ਅਤੇ ਸਿਮਰਣ ਵਿੱਚ ਲੱਗੇ ਰਹਿਣਾ ਚਾਹੀਦਾ ਹੈ ਕਿ ਉਹ ਦਿਨ ਉਸ ਨੂੰ ਨਸੀਬ ਹੋਵੇ ਜੱਦ ਅਲੱਾਹ ਤਆਲਾ ਇਸਲਾਮ ਅਤੇ ਆਪਣੇ ਵੁਜੂਦ ਦੀ ਸਚੱਾਈ ਉਸ ਲਈ ਖੋਲ ਦੇਵੇ ਅਤੇ ਉਸ ਨੂੰ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦਾ ਰੋਸ਼ਨ ਚਿਹਰਾ ਅਤੇ ਰੱਬ ਦਾ ਨੂਰਾਨੀ ਚਿਹਰਾ ਨਜ਼ਰ ਆ ਜਾਵੇ । ਜੱਦ ਇਹ ਹੋ ਜਾਵੇ ਤਾਂ ਫਿਰ ਰਾਤ ਤੇ ਦਿਨ ਅਤੇ ਸਾਲ ਕਸ਼ਟ ਦੇ ਹੋਣ ਜਾਂ ਖ਼ੁਸ਼ੀ ਦੇ ਸਾਲ ਹੋਣ ਉਸ ਲਈ ਬਰਾਬਰ ਹੋ ਜਾਂਦੇ ਹਨ । ਬਸ ਕੇਵਲ ਇਕ ਹੀ ਅਹਿਸਾਸ ਰਹਿੰਦਾ ਹੈ ਅਤੇ ਮਨੁੱਖ ਇਕ ਮੁਹਬੱਤ ਵਿੱਚ ਡੁੱਬਿਆ ਰਹਿੰਦਾ ਹੈ ਫਿਰ ਭਾਵੇਂ ਕੁਝ ਵੀ ਹੋਵੇ ਅਜਿਹਾ ਮਨੁੱਖ ਖ਼ੁਸ਼ ਰਹਿੰਦਾ ਹੈ ਅਤੇ ਸੰਤੁਸ਼ਟ ਰਹਿੰਦਾ ਹੈ ਕਿਸੇ ਤੋਂ ਡਰਦਾ ਨਹੀਂ, ਜਿਵੇਂ ਹਜ਼ਰਤ ਮਸੀਹ ਅਲੈਹਿ ਸਲਾਮ'ਤੇ ਭੈਣੀਵਾਲਾ ਮੁਕਦੱਮਾ ਹੋਇਆ ਤਾਂ ਮਜਿਸਟ੍ਰੇਟ ਹਿੰਦੂ ਸੀ । ਆਰਿਆਂ ਨੇ ਉਸ ਨੂੰ ਭੜਕਾਇਆ ਅਤੇ ਕਿਹਾ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਅਵਸ਼ ਹੀ ਕੁਝ ਦੰਡ ਦੇਵੇ ਅਤੇ ਉਸ ਨੇ ਅਜਿਹਾ ਕਰਨ ਦਾ ਵਾਦਾ ਵੀ ਕਰ ਲਿਆ ਖ਼ਵਾਜਾ ਕਮਾਲ ਦੀਨ ਸਾਹਬ ਨੇ ਜੱਦ ਇਹ ਗੱਲ ਸੁਣੀ ਤਾਂ ਉਹ ਡਰ ਗਏ । ਉਸ ਸਮੇਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ, ਖ਼ਵਾਜਾ ਸਾਹਬ ! ਤੁਸੀਂ ਕਿਉਂ ਪਰੇਸ਼ਾਨ ਹੋ ਗਏ, ਖ਼ੁਦਾ ਦੇ ਸ਼ੇਰ ਉਪੱਰ ਕੌਣ ਹੱਥ ਪਾ ਸਕਦਾ ਹੈ । ਸੋ, ਅਜਿਹਾ ਹੀ ਹੋਇਆ । ਉਹ ਦੋ ਮਜਿਸਟ੍ਰੇਟ ਸਨ ਜਿੰਨ੍ਹਾ ਦੀ ਅਦਾਲਤ ਵਿੱਚ ਮੁਕਦੱਮਾ ਪੇਸ਼ ਹੋਇਆ । ਉਹਨਾਂ ਦੋਹਾਂ ਨੂੰ ਕਰੜ੍ਹਾ ਦੰਡ ਮਿਲਿਆ । ਭਾਵ ਆਰਿਆਂ ਨੂੰ ਉਹਨਾਂ ਦੇ ਉਦੇਸ਼ ਵਿੱਚ ਸਫ਼ਲਤਾ ਨਹੀਂ ਮਿਲੀ । ਸੋ, ਜੇਕਰ ਮਨੁੱਖ ਰੱਬ ਦਾ ਹੋ ਜਾਵੇ ਤਾਂ ਫਿਰ ਦੁਨੀਆ ਦੀ ਹਰ ਸ਼ੈਅ ਉਸ ਦੀ ਹੋ ਜਾਂਦੀ ਹੈ । ਜਿਵੇਂ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨੂੰ ਰੱਬ

ਨੇ ਇਲਹਾਮ ਰਾਹੀਂ ਦੱਸਿਆ ਸੀ ਕਿ, "ਜੇ ਤੂੰ ਮੇਰਾ ਹੋ ਰਹੇਂ ਸਭ ਜੱਗ ਤੇਰਾ ਹੋ ।" ਅਰਥਾਤ ਜੇਕਰ ਤੂੰ ਰੱਬ ਦਾ ਹੋ ਜਾਵੇਂ ਤਾਂ ਸਾਰਾ ਜਹਾਨ ਤੇਰਾ ਹੋ ਜਾਵੇਗਾ । ਸੋ, ਤੁਸੀਂ ਰੱਬ ਦੇ ਬਣੋ ਅਤੇ ਦੁਆਵਾਂ ਕਰਦੇ ਰਹੋ ਕਿ ਤੁਸੀਂ ਰੱਬ ਦੇ ਹੋ ਜਾਓ । ਇਸ ਪ੍ਰਕਾਰ ਤੁਸੀਂ ਵੀ ਅਮਨ ਵਿੱਚ ਆ ਜਾਓ ਅਤੇ ਤੁਹਾਡੀ ਸੰਤਾਨ ਅਤੇ ਤੁਹਾਡੇ ਮਿਤੱਰ ਵੀ ਅਮਨ ਵਿੱਚ ਆਜਾਣਗੇ ।

ਫਿਰ ਇਕ ਥਾਂ ਬਿਆਨ ਫ਼ਰਮਾਉਂਦੇ ਹਨ, ਜੱਦ ਪਾਦਰੀ ਮਾਰਟਨ ਕਲਾਰਕ ਨੇ ਮੁਕਦੱਮਾ ਕੀਤਾ ਤਾਂ ਮੈਂ ਘਬਰਾ ਕੇ ਦੁਆ ਕੀਤੀ । ਰਾਤ ਨੂੰ ਸੁਪਨੇ ਵਿੱਚ ਦੇਖਿਆ ਕਿ ਪੁਲਿਸ ਵਾਲਿਆਂ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਖੜਾ ਕੀਤਾ ਹੋਇਆ ਹੈ ਅਤੇ ਆਪ ਜੀ ਦੇ ਅੱਗੇ ਪਿੱਛੇ ਉਪਲਿਆਂ (ਪਾਥੀਆਂ) ਦਾ ਢੇਰ ਲੱਗਾ ਹੋਇਆ ਹੈ । ਕੇਵਲ ਆਪ ਦੀ ਗਰਦਨ ਮੈਂਨੂੰ ਦਿਖਾਈ ਦੇ ਰਹੀ ਹੈ ਅਤੇ ਸਿਪਾਹੀ ਉਹਨਾ ਉਪਲਿਆਂ ਉਪੱਰ ਮਿੱਟੀ ਦਾ ਤੇਲ ਪਾਕੇ ਅੱਗ ਲਾਉਣ ਦਾ ਜਤਨ ਕਰ ਰਹੇ ਹਨ । ਮੈਂ ਅੱਗੇ ਵੱਧ ਕੇ ਅੱਗ ਬੁਝਾਉਂਣ ਦਾ ਜਤਨ ਕੀਤਾ । ਐਨ੍ਹੇ ਵਿੱਚ ਮੈਂਨੂੰ ਦੋ ਚਾਰ ਸਿਪਾਹੀਆਂ ਨੇ ਫੜ ਲਿਆ । ਮੈਂ ਬਹੁਤ ਘਬਰਾਇਆ ਕਿ ਅਜਿਹਾ ਨ ਹੋਵੇ ਕਿ ਲੋਕ ਉਪਲਿਆਂ ਨੂੰ ਅੱਗ ਲਾ ਦੇਣ । ਇਸੇ ਸਮੇਂ ਅਚਨਚੇਤ ਮੇਰੀ ਦ੍ਰਿਸ਼ਟੀ ਉਪੱਰ ਉਠੀ ਅਤੇ ਮੈਂ ਦੇਖਿਆ ਕਿ ਦਰਵਾਜੇ ਉਪੱਰ ਅਤਿਅੰਤ ਸੁੰਦਰ ਤੇ ਮੋਟੇ ਅਖਰਾਂ ਵਿੱਚ ਇਹ ਲਿੱਖਿਆ ਹੋਇਆ ਹੈ ਕਿ ਜੋ ਰੱਬ ਦੇ ਪਿਆਰੇ ਬੰਦੇ ਹੁੰਦੇ ਹਨ ਉਹਨਾਂ ਨੂੰ ਕੌਣ ਸਾੜ ਸਕਦਾ ਹੈ । ਸੋ ਫ਼ਰਮਾਉਂਦੇ ਹਨ ਕਿ ਅਗਲੇ ਜਹਾਨ ਵਿੱਚ ਹੀ ਨਹੀਂ ਏਥੇ ਵੀ ਮੋਮਿਨਾਂ ਲਈ ਸਲਾਮਤੀ ਹੁੰਦੀ ਹੈ ।

ਕੈਪਟਨ ਡਗਲਸ ਸਾਹਬ ਨੇ ਜੋ ਇਕ ਘਟਨਾ ਆਈ ਸੀ ਐਸ ਅਫ਼ਸਰ ਨੂੰ ਦੱਸੀ ਸੀ ਉਸ ਵਿੱਚ ਇਕ ਇਹ ਵੀ ਗੱਲ ਕਹੀ ਸੀ ਕਿ ਮੈਂ ਮਿਰਜ਼ਾ ਸਾਹਬ ਜਿਹਾ ਮਹਾਨ ਹੌਂਸਲੇ ਵਾਲਾ ਨਹੀਂ ਦੇਖਿਆ । ਉਹਨਾਂ'ਤੇ ਖ਼ਤਰਨਾਕ ਜੁਰਮ ਲਗਾ ਕੇ ਖ਼ਤਰੇ ਵਿੱਚ ਪਾਉਣ ਦੇ ਬਾਦ ਵੀ ਅਦਾਲਤ ਨੇ ਜੱਦ ਉਹਨਾਂ ਨੂੰ ਕਿਹਾ ਕਿ ਆਪ ਇਹਨਾ'ਤੇ ਆਪਣੀ ਹਤੱਕ ਦਾ ਦਾਵਾ ਕਰ ਸਕਦੇ ਹੋ ਤਾਂ ਉਹਨਾਂ ਨੇ ਕਹਿ ਦਿੱਤਾ ਕਿ ਮੈਂ ਨਹੀਂ ਕਰਨਾ ਚਾਹੁੰਦਾ । ਇਹ ਹੌਂਸਲਾ ਸੀ । ਉਹਨਾਂ ਸਾਰੀਆਂ ਵਿਰੋਧਤਾਵਾਂ ਦੇ ਹੁੰਦਿਆਂ ਹੋਇਆ ਵੀ ਅਲੱਾਹ ਤਆਲਾ ਦੇ ਵਾਦੇ ਅਨੁਸਾਰ ਨ ਕੇਵਲ ਆਪ ਸੁਰੱਖਿਅਤ ਰਹੇ ਸਗੋਂ ਜਮਾਤ ਵੀ ਵਧੱਦੀ ਰਹੀ । ਕਾਦੀਆਂ ਵੀ ਤਰੱਕੀ ਕਰਦਾ ਰਿਹਾ । ਇਸੇ ਤਰੱਕੀ ਦਾ ਵਰਨਣ ਕਰਦੇ ਹੋਏ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਇਕ ਸਮਾਂ ਸੀ ਕਿ ਏਥੇ ਅਹਮਦੀਆਂ ਨੂੰ ਮਸਜਿਦ ਵਿੱਚ ਜਾਣ ਨਹੀਂ ਦਿੱਤਾ ਜਾਂਦਾ ਸੀ । ਚੌਕ ਵਿੱਚ ਕਿੱਲੇ ਗੱਢ ਦਿੱਤੇ ਗਏ ਸਨ ਤਾਂ ਜੋ ਨਮਾਜ਼ ਪੜ੍ਹਨ ਲਈ ਜਾਣ ਵਾਲੇ ਡਿਗੱਣ ਅਤੇ ਖੂਹ ਵਿੱਚੋਂ ਪਾਣੀ ਭਰਨ ਨਹੀਂ ਦਿੱਤਾ ਜਾਂਦਾ ਸੀ, ਇੱਥੋਂ ਤੱਕ ਕਿ ਘੁਮਿਆਰਾਂ ਨੂੰ ਮਨਾਹੀਂ ਕਰ ਦਿੱਤੀ ਕਈ ਸੀ ਕਿ ਅਹਮਦੀਆਂ ਨੂੰ ਭਾਂਡੇ ਨਹੀਂ ਦੇਣੇ । ਇਕ ਸਮੇਂ ਵਿੱਚ ਐਨ੍ਹੀ ਸਾਰੀਆਂ ਕਠਿਨਾਈਆਂ ਸਨ, ਪਰ ਹੁਣ ਉਹ ਕਿਥੇ ਹਨ । ਉਹਨਾਂ ਦੀਆਂ ਸੰਤਾਨਾ ਅਹਮਦੀ ਹੋ ਗਈਆਂ ਹਨ ਅਤੇ ਉਹੋ ਲੋਕ ਜਿੰਨ੍ਹਾ ਨੇ ਅਹਮਦੀਅਤ ਨੂੰ ਮਿਟਾਉਣ ਦੇ ਜਤਨ ਕੀਤੇ ਉਹਨਾਂ ਦੀਆਂ ਸੰਤਾਨਾ ਉਸ ਨੂੰ ਫ਼ੈਲਲਾਉਣ ਦੇ ਜਤਨ ਵਿੱਚ ਲੀਨ ਹਨ । ਸੋ, ਇਹ ਰੱਬ ਦੀ ਵਿਸ਼ੇਸ਼ ਸਹਾਇਤਾ ਦੀ ਨਿਸ਼ਾਨੀ ਹੈ । ਦੁਨੀਆਂ ਵਿੱਚ ਰੱਬ ਨੇ ਕਿੱਥੇ ਕਿੱਥੇ ਜਮਾਤ ਨੂੰ ਫ਼ੈਲਾ ਦਿੱਤਾ ਹੈ । ਸੋ, ਇਹ ਗੱਲਾ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸਚੱਾਈ ਦੀਆਂ ਦਲੀਲਾਂ ਹਨ ਅਤੇ ਆਪ ਜੀ ਦੇ ਬਾਦ ਚਲਦੀ ਖ਼ਿਲਾਫ਼ਤ ਨਾਲ ਰੱਬ ਦੀ ਸਹਾਇਤਾ ਦੀ ਦਲੀਲ ਹੈ ਅਤੇ ਸਾਡੀ ਆਸਥਾ ਵਿੱਚ ਵਾਧਾ ਕਰਨ ਵਾਲੀਆਂ ਹਨ । ਰੱਬ ਕਰੇ ਇਹਨਾਂ ਗੱਲਾਂ ਨੂੰ ਅਸੀਂ ਸਦਾ ਆਪਣੇ ਸਾਹਮਣੇ ਰੱਖੀਏ ਅਤੇ ਇਹ ਗੱਲਾਂ ਸਾਡੀਆਂ ਨਸਲਾਂ ਦੀ ਆਸਥਾ ਵਿੱਚ ਈਮਾਨ ਵਿੱਚ ਸਦਾ ਵਾਧਾ ਕਰਦੀਆਂ ਰਹਿਣ ।

**Khulasa Khutba 12.12.2014**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, for Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131